# ਯਿਸੂ ਮਸੀਹ ਦਾ ਜੀ ਉੱਠਣਾ

ਫ੍ਰੈਂਕਲਿਨ ਦੁਆਰਾ

ਕੁਲੁੱਸੀਆਂ 1:18 ਅਤੇ ਉਹ ਦੇਹੀ ਦਾ ਅਰਥਾਤ ਕਲੀਸਿਯਾ ਦਾ ਸਿਰ ਹੈ, **ਉਹੋ ਆਦ ਹੈ** ਅਤੇ **ਮੁਰਦਿਆਂ ਵਿੱਚੋਂ ਜੇਠਾ ਹੈ** ਭਈ ਉਹ ਸਭਨਾਂ ਗੱਲਾਂ ਵਿੱਚ **ਪਰਧਾਨ ਹੋਵੇ**। (ਅੰਗਰੇਜ਼ੀ ਵਿੱਚ ਇਹ ਹਵਾਲਾ ਐਮਪਲੀਫਾਈਡ ਬਾਈਬਲ ਸੰਸਕਰਣ ਵਿੱਚੋਂ ਲਿਆ ਗਿਆ ਹੈ)

ਉਹ ਇਸ ਲਈ **ਸ਼ੁਰੂਆਤ** ਸੀ:

- ਬੇਥਜਥਾ ਦੇ ਤਾਲ ਉੱਤੇ 38 ਸਾਲਾਂ ਤੋਂ ਬਿਮਾਰ ਮਨੁੱਖ (ਯੂਹੰਨਾ 5:2-17)।
- ਯਿਸੂ ਦੇ ਕੋਲ ਬਿਸਤਰ ਉੱਤੇ ਲਿਆਂਦਾ ਗਿਆ ਅਧਰੰਗੀ (ਮੱਤੀ 9:1-8)
- ਉਹ ਔਰਤ ਜਿਸ ਨੂੰ ਬਾਰਾਂ ਸਾਲਾਂ ਤੋਂ ਲਹੂ ਵਹਿਣ ਦੀ ਬਿਮਾਰੀ ਸੀ (ਮੱਤੀ 9:20-22)।
- ਇੱਕ ਸੂਬੇਦਾਰ ਦੀ ਧੀ ਜੋ ਮਰ ਗਈ ਸੀ (ਮੱਤੀ 9:18, 23-26)।
- ਦੋ ਅੰਨ੍ਹੇ ਮਨੁੱਖ ਜਿਨ੍ਹਾਂ ਨੇ ਅੱਖਾਂ ਦੀ ਰੋਸ਼ਨੀ ਪ੍ਰਾਪਤ ਕੀਤੀ (ਮੱਤੀ 9:27-31)।
- ਇੱਕ ਭੂਤ ਚਿੰਬੜਿਆ ਹੋਇਆ ਮਨੁੱਖ ਜੋ ਬੋਲ ਨਹੀਂ ਸਕਦਾ ਸੀ (ਮੱਤੀ 9:32-33)।

ਮੱਤੀ 9:35-36 ਯਿਸੂ ਉਨ੍ਹਾਂ ਦੀਆਂ ਸਮਾਜਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ **ਖ਼ੁਸ਼ ਖ਼ਬਰੀ ਦਾ ਪਰਚਾਰ ਕਰਦਾ ਹੋਇਆ** ਅਤੇ ਸਾਰੇ ਰੋਗ ਅਤੇ ਸਾਰੀ **ਮਾਂਦਗੀ ਦੂਰ ਕਰਦਾ ਹੋਇਆ** ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ। ਅਤੇ ਜਾਂ ਉਹ ਨੇ ਭੀੜਾਂ ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ **ਤਰਸ** ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਓਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ।

ਉਹ ਇਸ ਲਈ **ਸ਼ੁਰੂਆਤ** ਸੀ:

- ਦਸ ਕੋੜ੍ਹੀ ਜੋ ਚੰਗੇ ਕੀਤੇ ਗਏ ਸਨ (ਲੂਕਾ 17:11-20)
- ਇੱਕ ਸੂਬੇਦਾਰ ਦਾ ਨੌਕਰ ਜਿਸ ਨੂੰ ਚੰਗਾ ਕੀਤਾ ਗਿਆ ਸੀ (ਲੂਕਾ 7:1-10)
- ਵਿਧਵਾ ਦਾ ਪੁੱਤਰ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ (ਲੂਕਾ 7:12-15)।
- ਲਾਜ਼ਰ ਜੋ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ (ਯੂਹੰਨਾ 11)।
- ਜਮਾਂਦਰੂ ਅੰਨ੍ਹਾ (ਯੂਹੰਨਾ 9:1-7)।
- ਬਰਤਿਮਈ ਨੂੰ ਅੱਖਾਂ ਦੀ ਰੋਸ਼ਨੀ ਦਿੱਤੀ ਗਈ (ਮਰਕੁਸ 10:46-52)।

ਪਰ ਹੁਣ ਇਹ **ਸ਼ੁਕਰਵਾਰ** ਸੀ ਯਿਸੂ ਨੂੰ **ਗ੍ਰਿਫ਼ਤਾਰ** ਕੀਤਾ ਜਾ ਚੁੱਕਾ ਸੀ।

ਭੀੜ ਰੌਲਾ ਪਾ ਰਹੀ ਹੈ: "ਉਸ ਨੂੰ ਸਲੀਬ ਦਿਓ! **ਉਸ ਨੂੰ ਸਲੀਬ ਦਿਓ**!"

ਯੂਹੰਨਾ 19:1-6, 14-18

ਯਿਸੂ ਦੇ ਸਲੀਬ ਉੱਤੇ ਪਹਿਲੇ ਤਿੰਨ ਘੰਟੇ – ਉਹ ਬਲੀਦਾਨ ਲਈ ਪਰਮੇਸ਼ੁਰ ਦਾ ਲੇਲਾ ਸੀ, ਜੋ ਪਵਿੱਤਰ ਅਤੇ ਨਿਰਦੋਸ਼ ਸੀ।

## ਇਹ ਪਿਆਰ ਦੀ ਉੱਤਮ ਉਦਾਹਰਣ ਹੈ

**I. ਉਸ ਦੇ ਪਹਿਲੇ ਸ਼ਬਦ – ਮਾਫ਼ ਕਰੋ**

ਲੂਕਾ 23:34 ਤਦ ਯਿਸੂ ਨੇ ਆਖਿਆ, ਹੇ ਪਿਤਾ, ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ। **ਪਿਆਰ ਮਾਫ਼ ਕਰਦਾ ਹੈ!**

ਲੂਕਾ 23:35-39 ਅਰ ਲੋਕ ਖਲੋਤੇ ਵੇਖ ਰਹੇ ਸਨ ਅਤੇ ਸਰਦਾਰ ਵੀ ਮਖੌਲ ਨਾਲ ਕਹਿਣ ਲੱਗੇ ਭਈ ਇਹ ਨੇ ਹੋਰਨਾਂ ਨੂੰ ਬਚਾਇਆ। ਜੇਕਰ ਇਹ ਪਰਮੇਸ਼ੁਰ ਦਾ ਮਸੀਹ ਅਤੇ ਉਹ ਦਾ ਚੁਣਿਆ ਹੋਇਆ ਹੈ ਤਾਂ **ਆਪਣੇ ਆਪ ਨੂੰ ਬਚਾ** ਲਵੇ! ਸਿਪਾਹੀਆਂ ਨੇ ਵੀ ਉਸ ਨਾਲ ਠੱਠਾ ਕੀਤਾ ਅਤੇ ਨੇੜੇ ਆਣ ਕੇ ਉਹ ਨੂੰ ਸਿਰਕਾ ਦਿੱਤਾ ਅਤੇ ਆਖਿਆ। ਜੇ ਤੂੰ ਯਹੂਦੀਆਂ ਦਾ ਪਾਤਸ਼ਾਹ ਹੈਂ ਤਾਂ **ਆਪਣੇ ਆਪ ਨੂੰ ਬਚਾ ਲੈ**! ਅਰ ਉਹ ਦੇ ਉਤਾਹਾਂ ਇਹ ਲਿਖਤ ਵੀ ਲਾਈ ਹੋਈ ਸੀ, ਜੋ ਇਹ ਯਹੂਦੀਆਂ ਦਾ ਪਾਤਸ਼ਾਹ ਹੈ। ਉਨ੍ਹਾਂ ਬੁਰਿਆਰਾਂ ਵਿੱਚੋਂ ਜਿਹੜੇ ਟੰਗੇ ਹੋਏ ਸਨ ਇੱਕ ਨੇ ਇਹ ਕਹਿ ਕੇ ਉਸ ਨੂੰ ਮਿਹਣਾ ਮਾਰਿਆ ਕਿ ਭਲਾ, ਤੂੰ ਮਸੀਹ ਨਹੀਂ ਹੈਂ? ਤਾਂ **ਆਪਣੇ ਆਪ ਨੂੰ ਅਤੇ ਸਾਨੂੰ ਭੀ ਬਚਾ!**

**ਪਿਆਰ ਫੁੱਲਦਾ ਨਹੀਂ। ਆਪਣੇ ਆਪ ਨੂੰ ਨਹੀਂ ਬਚਾਉਂਦਾ, ਪਰ ਦੂਸਰਿਆਂ ਨੂੰ ਬਚਾਉਂਦਾ ਹੈ।**

**II. ਪਿਆਰ ਕਦੇ ਵੀ ਛੱਡਦਾ ਨਹੀਂ, ਕਦੇ ਤਿਆਗਦਾ ਨਹੀਂ, ਹਮੇਸ਼ਾ ਇੰਤਜ਼ਾਮ ਕਰਦਾ ਹੈ**

ਲੂਕਾ 23:43 ਉਸ ਨੇ ਉਹ ਨੂੰ ਆਖਿਆ, ਮੈਂ ਤੈਨੂੰ ਸੱਤ ਆਖਦਾ ਹਾਂ ਭਈ **ਅੱਜ** ਤੂੰ ਮੇਰੇ ਸੰਗ ਸੁਰਗ ਵਿੱਚ ਹੋਵੇਂਗਾ।

**III. ਪਿਆਰ ਮੁਹੱਈਆ ਕਰਾਉਂਦਾ ਹੈ – ਦੂਸਰਿਆਂ ਦੀ ਦੇਖਭਾਲ ਕਰਦਾ ਹੈ**

ਯੂਹੰਨਾ 19:26-27 ਤਦ ਯਿਸੂ ਨੇ ਆਪਣੀ ਮਾਤਾ ਨੂੰ ਅਤੇ ਉਸ ਚੇਲੇ ਨੂੰ ਜਿਹ ਦੇ ਨਾਲ ਉਹ ਪਿਆਰ ਕਰਦਾ ਸੀ ਕੋਲ ਖਲੋਤੇ ਵੇਖ ਕੇ ਆਪਣੀ ਮਾਤਾ ਨੂੰ ਆਖਿਆ, **ਹੇ ਬੀਬੀ ਜੀ, ਔਹ ਵੇਖ ਤੇਰਾ ਪੁੱਤਰ।** ਫੇਰ ਉਸ ਚੇਲੇ ਨੂੰ ਕਿਹਾ, ਔਹ ਵੇਖ ਤੇਰੀ ਮਾਤਾ, ਅਤੇ ਉਸੇ ਵੇਲਿਓਂ ਉਹ ਚੇਲਾ ਉਸ ਨੂੰ ਆਪਣੇ ਘਰ ਲੈ ਗਿਆ।

ਸਲੀਬ ਉੱਤੇ ਆਖਰੀ ਤਿੰਨ ਘੰਟੇ ਯਿਸੂ ਸਾਡੇ ਲਈ ਪਾਪ ਬਣਿਆ:

ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖਾਤਰ ਪਾਪ ਠਹਿਰਾਇਆ

2 ਕੁਰਿੰਥੀਆਂ 5:21

**IV. ਪਿਆਰ ਸਹਿ ਲੈਂਦਾ ਹੈ**

ਮੱਤੀ 27:46 ਅਰ ਤੀਏ ਕੁ ਪਹਿਰ ਯਿਸੂ ਨੇ ਉੱਚੀ ਅਵਾਜ਼ ਨਾਲ ਪੁਕਾਰਿਆ ਕਿ ਏਲੀ ਏਲੀ ਲਮਾ ਸਬਕਤਾਨੀ ਜਿਹਦਾ ਅਰਥ ਇਹ ਹੈ, ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, **ਤੈਂ ਮੈਨੂੰ ਕਿਉਂ ਛੱਡ ਦਿੱਤਾ**?

ਉਹ ਤੁਹਾਡੇ ਅਤੇ ਮੇਰੇ ਲਈ ਪਾਪ ਬਣਿਆ। ਸਦੀਪਕਤਾ ਦੇ ਵਿੱਚ ਪਹਿਲੀ ਵਾਰ **ਸਾਡੇ ਪਾਪ ਨੇ ਉਸ** ਨੂੰ ਉਸ ਦੇ ਪਿਤਾ ਦੇ ਨਾਲੋਂ **ਵੱਖ ਕੀਤਾ**। ਯਸਾਯਾਹ 59:2

**V. ਪਿਆਰ ਦੂਸਰਿਆਂ ਦੀ ਲੋੜਾਂ ਨੂੰ ਆਪਣੀਆਂ ਲੋੜਾਂ ਨਾਲੋਂ ਪਹਿਲ ਦਿੰਦਾ ਹੈ**

ਯੂਹੰਨਾ 19:28 ਇਹ ਦੇ ਪਿੱਛੋਂ ਯਿਸੂ ਨੇ ਇਹ ਜਾਣ ਕੇ ਭਈ ਹੁਣ ਸੱਭੇ ਕੁਝ ਪੂਰਾ ਹੋ ਚੁੱਕਿਆ ਲਿਖਤ ਦੇ ਸੰਪੂਰਣ ਹੋਣ ਲਈ ਆਖਿਆ, **ਮੈਂ ਤਿਹਾਇਆਂ ਹਾਂ।**

**VI. ਪਿਆਰ ਜਿੱਤਦਾ ਹੈ – ਕਦੇ ਅਸਫ਼ਲ ਨਹੀਂ ਹੁੰਦਾ – ਕੀਮਤ ਦੀ ਪਰਵਾਹ ਕੀਤੇ ਬਗੈਰ ਕੰਮ ਨੂੰ ਪੂਰਾ ਕਰਦਾ ਹੈ**

ਯੂਹੰਨਾ 19:29-30 ਉੱਥੇ ਇੱਕ ਭਾਂਡਾ ਸਿਰਕੇ ਦਾ ਭਰਿਆ ਹੋਇਆ ਧਰਿਆ ਸੀ ਸੋ ਉਨ੍ਹਾਂ ਨੇ ਇੱਕ ਸਪੰਜ ਸਿਰਕੇ ਨਾਲ ਭਰਿਆ ਹੋਇਆ ਜ਼ੂਫੇ ਦੀ ਛਿਟੀ ਤੇ ਬੰਨ੍ਹ ਕੇ ਉਹ ਦੇ ਮੂੰਹ ਤਾਈ ਪੁਚਾਇਆ। ਸੋ ਜਾਂ ਯਿਸੂ ਨੇ ਸਿਰਕਾ ਲਿਆ ਤਾਂ ਆਖਿਆ, **ਪੂਰਾ ਹੋਇਆ ਹੈ**। ਤਦ ਉਹ ਨੇ ਸਿਰ ਨਿਵਾ ਕੇ ਜਾਨ ਦੇ ਦਿੱਤੀ।

**VII. ਪਿਆਰ ਪਰਮੇਸ਼ੁਰ ਅੱਗੇ ਸਮਰਪਣ ਕਰਦਾ ਹੈ ਅਤੇ ਉਸ ਦੇ ਪਿਆਰ ਕਰਨ ਵਾਲੇ ਹੱਥਾਂ ਉੱਤੇ ਪੂਰੀ ਤਰ੍ਹਾਂ ਭਰੋਸਾ ਕਰਦਾ ਹੈ।**

ਲੂਕਾ 23:46 ਤਾਂ ਯਿਸੂ ਉੱਚੀ ਅਵਾਜ਼ ਨਾਲ ਚਿੱਲਾ ਕੇ ਆਖਿਆ ਕਿ ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ, ਅਤੇ ਇਹ ਕਹਿ ਕੇ ਪ੍ਰਾਣ ਛੱਡ ਦਿੱਤੇ।

ਤਦ ਸਿਪਾਹੀਆਂ ਨੇ ਆਣ ਕੇ ਪਹਿਲੇ ਦੀਆਂ ਲੱਤਾਂ ਤੋੜੀਆਂ ਅਤੇ ਪਿੱਛੋਂ ਦੂਏ ਦੀਆਂ ਵੀ ਜਿਹੜਾ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਹੋਇਆ ਸੀ। ਪਰ ਯਿਸੂ ਦੇ ਕੋਲ ਆਣ ਕੇ ਜਾਂ ਉਨ੍ਹਾਂ ਵੇਖਿਆ ਜੋ ਉਹ ਮਰ ਚੁੱਕਿਆ ਹੈ ਤਾਂ ਉਹ ਦੀਆਂ ਲੱਤਾਂ ਨਾ ਤੋੜੀਆਂ। ਪਰ ਸਿਪਾਹੀਆਂ ਵਿੱਚੋਂ ਇੱਕ ਨੇ ਬਰਛੀ ਨਾਲ **ਉਹ ਦੀ ਵੱਖੀ ਵਿੰਨ੍ਹੀ** ਅਤੇ ਓਵੇਂ ਹੀ **ਲਹੂ ਅਤੇ ਪਾਣੀ** ਨਿੱਕਲਿਆ।

ਯੂਹੰਨਾ 19:30, 32-34 ਲੂਕਾ 23:46

ਲੂਕਾ 23:48-49 ਅਤੇ ਸਭ ਲੋਕ ਜਿਹੜੇ ਇਹ ਹਵਾਲ ਵੇਖਣ ਨੂੰ ਇਕੱਠੇ ਆਏ ਸਨ ਇਹ ਸਾਰੀ ਵਾਰਤਾ ਵੇਖ ਕੇ ਛਾਤੀਆਂ ਪਿੱਟਦੇ ਮੁੜੇ। ਅਰ ਉਹ ਦੇ ਸਰਬੱਤ ਜਾਣੂ ਪਛਾਣੂ ਅਤੇ ਓਹ ਇਸਤਰੀਆਂ ਜਿਹੜੀਆਂ ਗਲੀਲ ਤੋਂ ਉਹ ਦੇ ਨਾਲ ਆਈਆਂ ਸਨ ਦੂਰੋਂ ਖਲੋ ਕੇ ਇਹ ਹਾਲ ਵੇਖ ਰਹੀਆਂ ਸਨ।

ਇਹ ਖਤਮ ਹੋ ਗਿਆ ਸੀ ਉਹ ਮਰ ਗਿਆ ਸੀ – ਹੁਣ ਕੋਈ ਆਸ ਨਹੀਂ ਸੀ – ਨਿਰਾਸ਼ਾ ਸੀ

- ਚੇਲੇ ਘਬਰਾਏ ਹੋਏ ਸਨ / ਰੋ ਰਹੇ ਸਨ / ਸਾਰੀ ਆਸ ਜਾਂਦੀ ਰਹੀ ਸੀ / ਉਹ ਡਰੇ ਹੋਏ ਸਨ ਅਤੇ ਲੁਕ ਰਹੇ ਸਨ, ਉਹ ਡਰੇ ਹੋਏ ਸਨ ਕਿ ਉਹ ਵੀ ਸਲੀਬ ਉੱਤੇ ਚੜ੍ਹਾਏ ਜਾਣਗੇ।

- ਸਿਪਾਹੀ ਆਪਣੇ ਸਥਾਨਾਂ ਉੱਤੇ ਵਾਪਸ ਚਲੇ ਗਏ ਸਨ, ਉਨ੍ਹਾਂ ਦਾ ਮੰਨੋਰੰਜਨ ਖਤਮ ਹੋ ਗਿਆ ਸੀ।

- ਜਾਜਕ ਅਤੇ ਭੀੜ ਇੱਕ ਦੂਸਰੇ ਨੂੰ ਵਧਾਈਆਂ ਦੇ ਰਹੇ ਸਨ ਕਿਉਂਕਿ ਉਨ੍ਹਾਂ ਨੇ ਉਸ ਨੂੰ ਖਤਮ ਕਰ ਦਿੱਤਾ ਸੀ ਜੋ ਉਨ੍ਹਾਂ ਲਈ ਧਾਰਮਿਕ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਸੀ ਅਤੇ ਉਨ੍ਹਾਂ ਦੀ ਬੁਰਾਈ ਨੂੰ ਪਰਗਟ ਕਰ ਰਿਹਾ ਸੀ।

- ਭੂਤ ਨਰਕੀ ਖੁਸ਼ੀ ਮਨਾ ਰਹੇ ਸਨ ਕਿਉਂਕਿ ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦੀ ਬੁਰਾਈ ਨੇ ਸਹੀ ਅਤੇ ਭਲੇ ਉੱਤੇ ਜਿੱਤ ਪਾ ਲਈ ਸੀ।

(ਇੱਕ ਕਵਿਤਾ)
ਸ਼ਤਾਨ ਨੇ ਖੁਸ਼ੀ ਭਰੀ ਆਸ ਨਾਲ ਵੇਖਿਆ, - ਜਦੋਂ ਪਰਮੇਸ਼ੁਰ ਦੇ ਪੁੱਤਰ ਨੂੰ ਕਲਵਰੀ ਦੇ ਵੱਲ ਲਿਜਾਇਆ ਗਿਆ ਸੀ। ਵੱਡੀ ਖੁਸ਼ੀ ਨਾਲ ਭੂਤਾਂ ਵੇਖਦੀਆਂ ਹਨ – ਉਨ੍ਹਾਂ ਦਾ ਉਹ ਵੈਰੀ ਰੁੱਖ ਉੱਤੇ ਟੰਗਿਆ ਗਿਆ ਸੀ ਜਿਸ ਨੂੰ ਉਹ ਛੂਹ ਨਹੀਂ ਸਕਦੀਆਂ ਸਨ।

ਸ਼ਤਾਨ ਦੀ ਜਿੱਤ ਦਾ ਭਰੋਸਾ ਹੋਰ ਉੱਚਾ ਉੱਠਿਆ; ਜਦੋਂ ਉਸ ਦੀ ਹੈਰਾਨੀ ਲਈ ਧਰਮੀ ਪਾਪ ਨਾਲ ਭਰ ਗਿਆ ਸੀ। ਅਤੇ ਮੌਤ ਨੇ ਦਲੇਰੀ ਨਾਲ ਜੀਵਨ ਨੂੰ ਆਪਣੀ ਪਕੜ ਵਿੱਚ ਲਿਆ ਅਤੇ ਮਾਰਨ ਲਈ ਅੱਗੇ ਵਧੀ।

ਸਿਰਜਣਹਾਰ ਮਰ ਰਿਹਾ ਸੀ, ਅੰਧਕਾਰ ਅਤੇ ਹਨੇਰਗਰਦੀ ਨੇ ਉਸ ਦੇ ਕੰਮ ਨੂੰ ਢੱਕ ਲਿਆ ਸੀ। ਧਰਤੀ ਹਿੱਲ ਰਹੀ ਸੀ, ਚਟਾਨਾਂ ਟੁੱਟ ਰਹੀਆਂ ਸਨ ਅਤੇ ਸ਼ਤਾਨ ਇੱਕ ਮੁਸਕਾਨ ਨਾਲ ਵੇਖਦਾ ਸੀ।

ਇੱਕ ਵਾਰ ਫਿਰ ਮੌਤ ਪਾਪ ਤੋਂ ਸ਼ਕਤੀ ਪਾ ਕੇ ਉੱਤਮ ਹੋ ਗਈ ਸੀ, ਉਹ ਇੱਕ ਮਜ਼ਬੂਤ ਦਲ ਸਨ। ਜਦੋਂ ਭੂਤ ਖੁਸ਼ੀ ਨਾਲ ਚਿਲਾਏ, ਸ਼ਤਾਨ ਦਾ ਘਮੰਡ ਨਵੀਆਂ ਉੱਚਾਈਆਂ ਤੱਕ ਵਧ ਗਿਆ ਸੀ।

ਇਹ ਸ਼ੁਕਰਵਾਰ ਸੀ, ਇਹ ਖਤਮ ਹੋ ਗਿਆ ਸੀ।

- ਜਾਪਦਾ ਸੀ ਕਿ ਸ਼ਤਾਨ, ਪਾਪ ਅਤੇ ਮੌਤ ਜਿੱਤ ਗਏ ਸਨ।

ਸ਼ਨੀਵਾਰ, ਸਬਤ ਦਾ ਦਿਨ। ਸਭ ਕੁਝ ਸ਼ਾਂਤ ਸੀ

- ਚੇਲੇ ਡਰ ਦੇ ਕਾਰਨ ਲੁਕ ਰਹੇ ਸਨ।

  ਜਦੋਂ ਉਨ੍ਹਾਂ ਨੇ ਉਸ ਦੇ ਬਾਰੇ ਫੁਸਫਸਾਹਟ ਕੀਤੀ ਜੋ ਉਨ੍ਹਾਂ ਨੇ ਵੇਖਿਆ ਸੀ . . . ਤਦ ਉਨ੍ਹਾਂ ਨੂੰ ਯਿਸੂ ਦੇ ਆਖੇ ਹੋਏ ਬਚਨ ਯਾਦ ਆਏ:

  "ਉਹ ਤੀਏ ਦਿਨ ਜੀ ਉੱਠੇਗਾ।"

  ਹੋ ਸਕਦਾ ਹੈ . . . . ਕੱਲ ਲਈ ਆਸ ਦੀ ਛੋਟੀ ਜਿਹੀ ਕਿਰਨ ਹੈ . . . . .

ਐਤਵਾਰ – ਜੀ ਉੱਠਣ ਦਾ ਦਿਨ ਆ ਗਿਆ!

- ਧਰਤੀ ਹਿੱਲਣਾ ਸ਼ੁਰੂ ਹੋ ਗਈ . . . .

- ਡਰ ਭੂਤਾਂ ਨੂੰ ਵਿੰਨ੍ਹ ਦਿੰਦਾ ਹੈ

- ਪਰਮੇਸ਼ੁਰ ਦੀ ਹਜ਼ੂਰੀ ਦੀ ਮਹਿਮਾ ਕਬਰ ਨੂੰ ਭਰ ਦਿੰਦੀ ਹੈ।

- ਇਹ ਬਹੁਤ ਸਮਰੱਥੀ ਸੀ ਕਿ ਆਲੇ ਦੁਆਲੇ ਦੀਆਂ ਕਬਰਾਂ ਖੁੱਲ੍ਹ ਗਈਆਂ ਅਤੇ ਬਹੁਤ ਸਾਰੇ ਸੌਂ ਚੁੱਕੇ ਸੰਤਾਂ ਦੀਆਂ ਦੇਹਾਂ ਮੁਰਦਿਆਂ ਵਿੱਚ ਜਿਵਾਲੀਆਂ ਗਈਆਂ ਅਤੇ ਯਰੂਸ਼ਲਮ ਦੀਆਂ ਗਲੀਆਂ ਵਿੱਚ ਬਹੁਤਿਆਂ ਨੂੰ ਚੱਲਦੀਆਂ ਫਿਰਦੀਆਂ ਵਿਖਾਈ ਦਿੱਤੀਆਂ। (ਮੱਤੀ 27:51-53)।

- ਅਤੇ ਉਹ ਉਸ ਔਰਤ ਨੂੰ ਵਿਖਾਈ ਦਿੱਤਾ ਜੋ ਕਬਰ ਉੱਤੇ ਆਈ ਸੀ (ਲੂਕਾ 24:5-6), ਦੋ ਨੂੰ ਇੰਮਾਊਸ ਦੇ ਰਾਹ ਉੱਤੇ ਵਿਖਾਈ ਦਿੱਤਾ (33-34)। ਉਹ ਕੈਫ਼ਾ ਨੂੰ ਵਿਖਾਈ ਦਿੱਤਾ, ਫਿਰ ਬਾਰਾਂ ਨੂੰ। ਉਸ ਤੋਂ ਬਾਅਦ ਉਹ ਪੰਜ ਸੌ ਤੋਂ ਜ਼ਿਆਦਾ ਭਰਾਵਾਂ ਨੂੰ ਇੱਕੋ ਸਮੇਂ ਵਿਖਾਈ ਦਿੱਤਾ, ਫਿਰ ਉਹ ਯਾਕੂਬ ਨੂੰ ਵਿਖਾਈ ਦਿੱਤਾ, ਫਿਰ ਸਾਰੇ ਰਸੂਲਾਂ ਨੂੰ (1 ਕੁਰਿੰਥੀਆਂ 15:5-7)।

## ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ! ਯਿਸੂ ਮਸੀਹ ਜੀਉਂਦਾ ਹੈ

- ਪਾਪ ਨੂੰ ਅਧਿਕਾਰਤ ਅਤੇ ਬਿਵਸਥਾ ਦੇ ਪੱਖੋਂ ਮਾਫ਼ ਕੀਤਾ ਗਿਆ!

- ਪਾਪ, ਮੌਤ ਦੀ ਸ਼ਕਤੀ ਹਟਾਈ ਗਈ!

- ਪਾਪ ਦੀ ਮਜ਼ਦੂਰੀ ਦਾ ਭੁਗਤਾਨ ਕਰ ਦਿੱਤਾ ਗਿਆ!

- ਮੌਤ ਦੀ ਸ਼ਕਤੀ ਨੂੰ ਤੋੜ ਦਿੱਤਾ ਗਿਆ - ਇਹ ਪਰਮੇਸ਼ੁਰ ਦੇ ਪੁੱਤਰ ਨੂੰ ਆਪਣੀ ਪਕੜ ਵਿੱਚ ਰੱਖ ਨਾ ਸਕੀ!

- ਮੌਤ ਨੂੰ ਹਰਾਇਆ ਗਿਆ!
  ਪਾਪ ਦੀ ਮਾਫ਼ੀ ਮੌਤ ਦੀ ਮੌਤ।

- ਸ਼ਤਾਨ ਹੁਣ ਸ਼ਕਤੀਹੀਣ!

# ਯਿਸੂ ਮਸੀਹ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ

# ਉਹ ਜ਼ਿੰਦਾ ਸੀ!

## ਉਨ੍ਹਾਂ ਨੇ ਨਵੀ ਸ਼ੁਰੂਆਤ ਦਾ ਅਨੁਭਵ ਕੀਤਾ – ਜੀ ਉੱਠਣ ਦੇ ਦਿਨ

ਯੂਹੰਨਾ 20:19-23 ਫੇਰ ਉਸੇ ਦਿਨ ਜੋ ਹਫਤੇ ਦਾ ਪਹਿਲਾ ਦਿਨ ਸੀ ਜਾਂ ਸੰਝ ਹੋਈ ਤਾਂ ਜਿੱਥੇ ਓਹ ਚੇਲੇ ਸਨ ਅਰ ਯਹੂਦੀਆਂ ਦੇ ਡਰ ਦੇ ਮਾਰੇ ਬੂਹੇ ਵੱਜੇ ਹੋਏ ਸਨ ਯਿਸੂ ਆਇਆ ਅਤੇ ਵਿਚਕਾਰ ਖਲੋ ਕੇ ਉਨ੍ਹਾਂ ਨੂੰ ਆਖਿਆ, **ਤੁਹਾਡੀ ਸ਼ਾਂਤੀ ਹੋਵੇ।** ਇਹ ਕਹਿ ਕੇ ਉਨ ਆਪਣੇ ਹੱਥ ਅਰ ਵੱਖੀ ਉਨ੍ਹਾਂ ਨੂੰ ਵਿਖਾਲੀ! ਤਾਂ ਚੇਲੇ ਪ੍ਰਭੂ ਨੂੰ ਵੇਖ ਕੇ ਨਿਹਾਲ ਹੋਏ! ਤਦ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ, **ਤੁਹਾਡੀ ਸ਼ਾਂਤੀ ਹੋਵੇ! ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ।** ਉਸ ਨੇ ਇਹ ਕਹਿ ਕੇ ਉਨ੍ਹਾਂ ਉੱਤੇ ਫੂਕ ਮਾਰੀ ਅਤੇ ਕਿਹਾ, **ਤੁਸੀਂ ਪਵਿੱਤਰ ਆਤਮਾ ਲਓ।**

ਜੀ ਉੱਠਣ ਦੇ ਦਿਨ ਚੇਲਿਆਂ ਦਾ ਨਵਾਂ ਜਨਮ ਹੋਇਆ!

ਅਤੇ ਅਸੀਂ ਸਾਰੇ ਜੀ ਉੱਠੇ ਜੀਵਨ ਨਾਲ ਅਤੇ ਸਦੀਪਕ ਜੀਵਨ ਨਾਲ ਨਵਾਂ ਜਨਮ ਪਾ ਸਕਦੇ ਹਾਂ, ਜਦੋਂ ਅਸੀਂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਦੇ ਹਾਂ ਅਤੇ ਉਸ ਨੂੰ ਗ੍ਰਹਿਣ ਕਰਦੇ ਹਾਂ।

ਯੂਹੰਨਾ 11:25-26 ਯਿਸੂ ਨੇ ਉਹ ਨੂੰ ਕਿਹਾ, ਕਿਆਮਤ ਅਤੇ ਜੀਉਣ ਮੈਂ ਹਾਂ। ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਏ ਤਾਂ ਵੀ ਜੀਵੇਗਾ। ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ **ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁ ਕਦੇ ਨਾ ਮਰੇਗਾ**। ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ?

ਚੇਲੇ ਜਿੱਥੇ ਵੀ ਗਏ ਉਨ੍ਹਾਂ ਨੇ ਜੀ ਉੱਠਣ ਦਾ ਪ੍ਰਚਾਰ ਕੀਤਾ: ਰਸੂਲਾਂ ਦੇ ਕਰਤੱਬ 2:24; 3:15; 4:2; ਰੋਮੀਆਂ 1:4; 10:9

ਉਹ ਅਲਫ਼ਾ ਅਤੇ ਓਮੇਗਾ ਹੈ।

ਉਹ ਜੀਵਨ ਦੀ ਸ਼ੁਰੂਆਤ ਹੈ

ਅਤੇ ਉਹ ਮੌਤ ਦਾ ਅੰਤ ਹੈ!

ਇਸ ਲਈ ਜਿਵੇਂ ਇੱਕ ਮਨੁੱਖ ਤੋਂ **ਪਾਪ ਸੰਸਾਰ ਵਿੱਚ ਆਇਆ** ਅਤੇ **ਪਾਪ ਤੋਂ ਮੌਤ ਆਈ** ਅਤੇ ਇਸੇ ਤਰਾਂ **ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ** ਏਸ ਲਈ ਜੋ ਸਭਨਾਂ ਨੇ ਪਾਪ ਕੀਤਾ। ਰੋਮੀਆਂ 5:12

ਜਿਸ ਤਰਾਂ **ਆਦਮ ਵਿੱਚ ਸੱਭੇ ਮਰਦੇ ਹਨ** ਉਸੇ ਤਰਾਂ **ਮਸੀਹ ਵਿੱਚ ਸੱਭੇ ਜੁਆਏ ਜਾਣਗੇ।**

1 ਕੁਰਿੰਥੀਆਂ 15:22

ਆਦਮ ਅੰਤ ਹੈ – ਯਿਸੂ ਮਸੀਹ ਸ਼ੁਰੂਆਤ ਹੈ!

1 ਪਤਰਸ 1:3 ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ **ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ** ਦੇ ਕਾਰਨ ਸਾਨੂੰ **ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ** ਅਰਥਾਤ ਓਸ ਅਵਨਾਸੀ, ਨਿਰਮਲ ਅਤੇ ਨਾ ਕੁਮਲਾਉਣ ਵਾਲੇ ਅਧਕਾਰ ਲਈ ਜੋ ਸੁਰਗ ਵਿੱਚ ਤੁਹਾਡੇ ਲਈ ਧਰਿਆ ਹੋਇਆ ਹੈ। ਜਿਹੜੇ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਸਮਰੱਥਾ ਨਾਲ ਓਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇਂ ਪਰਗਟ ਹੋਣ ਵਾਲੀ ਹੈ ਬਚਾਏ ਰਹਿੰਦੇ ਹੋ।

ਯਿਸੂ ਮਸੀਹ ਦੇ ਵਿੱਚ ਸਾਡੇ ਕੋਲ ਨਵੀਂ ਸ਼ੁਰੂਆਤ ਹੈ।

ਅਸੀਂ ਨਵਾਂ ਜਨਮ ਪਾ ਸਕਦੇ ਹਾਂ!

## ਯਿਸੂ ਸਾਡੀ ਨਵੀਂ ਸ਼ੁਰੂਆਤ ਹੈ!

ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ **ਜਿਵਾਲਿਆ ਗਿਆ** ਤਿਵੇਂ ਅਸੀਂ ਵੀ **ਨਵੇਂ ਜੀਵਨ ਦੇ ਰਾਹ ਚੱਲੀਏ।**

ਰੋਮੀਆਂ 6:4

ਯਿਸੂ ਸਾਡੀ ਨਵੀਂ ਸ਼ੁਰੂਆਤ ਹੈ: ਸਾਰੀ ਸਦੀਪਕਤਾ ਦੇ ਲਈ:

ਕੁਲੁੱਸੀਆਂ 1:18 ਅਤੇ ਉਹ ਦੇਹੀ ਦਾ ਅਰਥਾਤ ਕਲੀਸਿਯਾ ਦਾ ਸਿਰ ਹੈ, **ਉਹੋ ਆਦ ਹੈ** ਅਤੇ **ਮੁਰਦਿਆਂ ਵਿੱਚੋਂ ਜੇਠਾ** ਹੈ ਭਈ ਉਹ ਸਭਨਾਂ ਗੱਲਾਂ ਵਿੱਚ **ਪਰਧਾਨ ਹੋਵੇ**।

ਪਰਕਾਸ਼ ਦੀ ਪੋਥੀ 1:8 ਮੈਂ ਅਲਫਾ ਅਤੇ ਓਮੇਗਾ ਹਾਂ। ਇਹ ਆਖਣਾ ਪ੍ਰਭੂ ਪਰਮੇਸ਼ੁਰ ਦਾ ਹੈ ਅਰਥਾਤ ਉਹ ਜਿਹੜਾ **ਹੈ** ਅਤੇ ਜਿਹੜਾ **ਹੈਸੀ** ਅਤੇ **ਜਿਹੜਾ ਆਉਣ ਵਾਲਾ ਹੈ** ਜੋ ਸਰਬ ਸ਼ਕਤੀਮਾਨ ਹੈ।